ਇੱਕ ਸੂਰਮਾ ਬਿੱਲੀ – <u>ਸਕਾਰਲੇਟ</u> ਦੀ ਸੱਚੀ ਕਹਾਣੀ!

ਲੌਰਾ ਡ੍ਰਿਸਕੋਲ, ਤਸਵੀਰ: ਏਂਨਿੱ ਡਿਸਾਲਵੋ-ਰਿਆਨ

ਪੰਜਾਬੀ ਰੂਪਾਂਤਰ : ਰਵਿੰਦਰ ਰਵਿ



ਇਕ ਸੂਰਮਾ ਬਿੱਲੀ-

ਸਕਾਰਲੇਟ

ਦੀ ਸੱਚੀ ਕਹਾਣੀ!

ਲੌਰਾ ਡ੍ਰਿਸਕੋਲ,

ਤਸਵੀਰ: ਏਂਨਿੱ ਡਿਸਾਲਵੋ-ਰਿਆਨ

ਪੰਜਾਬੀ ਰੂਪਾਂਤਰ : ਰਵਿੰਦਰ ’ਰਵਿ’

ਬ੍ਰੁਕਲੀਨ ਨਿਊ ਯੋਰਕੱ , 1996

ਇੱਕ ਇਮਾਰਤ ‘ਚ ਅੱਗ ਲੱਗ ਗਈ ਹੈ! ਬਹੁਤ ਸਾਰੀਆਂ ਫਾਇਰ-ਬ੍ਰਿਗੇਡ ਦੀਆਂ ਗੱਡੀਆਂ ਆਈਆਂ ਹੋਈਆਂ ਹਨ ! ਅਤੇ ਬਹੁਤ ਸਾਰੇ ਫਾਇਰਮੈਨ ਵੀ!

ਇੱਕ ਪੁਰਾਣੀ ਗੈਰੇਜ ਵਿੱਚ ਭਿਆਨਕ ਅੱਗ ਲੱਗੀ ਏ।

ਪਰ ਇੱਕ ਚੰਗੀ ਗੱਲ ਇਹ ਕਿ ਇਸ ਇਮਾਰਤ ਵਿੱਚ ਕੋਈ ਵੀ ਨਹੀਂ ਸੀ ਰਹਿੰਦਾ।

ਠਹਿਰੋ ! ਜ਼ਰਾ ਵੇਖਿਆ ਜੇ !

ਫਾਇਰ ਬ੍ਰਿਗੇਡ ਦੇ ਆਦਮੀਆਂ ਨੇ ਕੀ ਵੇਖਿਆ?!

ਉਸ ਬਿੱਲੀ ਨੂੰ ਵੇਖੋ!

ਉਹ ਗੈਰੇਜ ਤੋਂ ਬਾਹਰ ਭੱਜੀ ਜਾ
ਰਹੀ ਹੈ!

ਉਹ ਕੁਝ ਲੈ ਕੇ ਜਾ ਰਹੀ ਹੈ -

ਕੋਈ ਛੋਟੀ ਜਿਹੀ ਚੀਜ਼ !

ਉਸ ਦੇ ਮੂੰਹ ਵਿੱਚ ਇੱਕ ਛੋਟਾ ਜਿਹਾ ਬਲੂੰਗੜਾ ਹੈ!

ਬਿੱਲੀ ਨੇ ਆਪਣੇ ਬਲੂੰਗੜੇ ਨੂੰ
ਸੁਰੱਖਿਅਤ ਜਗ੍ਹਾ ਤੇ ਰੱਖਿਆ।

ਉਹ ਦੁਬਾਰਾ ਅੱਗ ਵੱਲ ਭੱਜ ਗਈ!

ਇਹ ਕਰ ਕੀ ਰਹੀ ਹੈ?!

ਜਲਦੀ ਹੀ ਬਿੱਲੀ ਫਿਰ ਭੱਜਦੀ ਆਈ -

ਇੱਕ ਹੋਰ ਬਲੂੰਗੜੇ ਨਾਲ!

ਇਸ ਤਰ੍ਹਾਂ, ਉਹ ਤਿੰਨ ਵਾਰ

ਅੰਦਰ-ਬਾਹਰ,ਅੰਦਰ-ਬਾਹਰ ਹੋਈ।

ਫਾਇਰ ਬ੍ਰਿਗੇਡ ਦੇ ਕਰਮੀਆਂ ਨੂੰ ਆਪਣੀਆਂ ਅੱਖਾਂ 'ਤੇ ਭਰੋਸਾ ਨਹੀਂ ਸੀ ਹੋ ਰਿਹਾ।

ਹੁਣ ਉੱਥੇ ਬਿੱਲੀ ਦੇ ਬੱਚਿਆਂ ਦਾ ਝੁੰਡ ਲੱਗ ਗਿਆ ਸੀ!

ਬਿੱਲੀ ਦੇ ਸਾਰੇ ਬਲੂੰਗੜੇ ਛੋਟੇ ਛੋਟੇ ਅਤੇ ਸਹਮੇ ਹੋਏ ਸਨ। ਕਿਸੇ ਦਾ ਕੰਨ ਝੁਲਸਿਆ ਸੀ ਤੇ ਕਿਸੇ ਦਾ ਕੋਈ ਹੋਰ ਅੰਗ।

ਅਤੇ ਵਿਚਾਰੀ ਅੱਮੀ ਬਿੱਲੀ!

ਉਹ ਬੁਰੀ ਤਰ੍ਹਾਂ ਝੁਲਸ ਗਈ ਸੀ।

ਉਸ ਦੀ ਅੱਖਾਂ 'ਚ ਜ਼ਖਮ ਹੋ ਗਏ ਸਨ।

ਹੁਣ ਉਹ ਆਪਣੇ ਬੱਚਿਆਂ ਨੂੰ ਵੀ ਨਹੀਂ ਸੀ ਵੇਖ ਸਕਦੀ।

ਇਸ ਲਈ ਓਹ ਹਰ ਬੱਚੇ ਨੂੰ ਆਪਣੇ

ਨੱਕ ਨਾਲ ਛੋਹੰਦੀ।

ਇੱਕ, ਦੋ, ਤਿੰਨ, ਚਾਰ, ਪੰਜ!

ਉਸ ਦੇ ਸਾਰੇ ਬੱਚੇ ਉੱਥੇ ਸਨ!

ਬਹੁਤ ਪਿਆਰ ਅਤੇ ਕੋਮਲਤਾ ਨਾਲ,

ਇੱਕ ਫਾਇਰ-ਬ੍ਰਿਗੇਡ ਦੇ ਆਦਮੀ ਨੇ

ਸਾਰੀਆਂ ਬਿੱਲੀਆਂ ਨੂੰ ਇੱਕ ਡੱਬੇ ਵਿੱਚ ਪਾ ਲਿਆ.

ਉਹ ਸਮਝ ਗਿਆਸੀ ਕਿ ,

ਇੰਨ੍ਹਾਂ ਨੂੰ ਤੁਰੰਤ ਡਾਕਟਰ ਦੀ ਲੋੜ ਹੈ।

ਫਾਇਰਮੈਨ ਸਾਰੀਆਂ ਬਿੱਲੀਆਂ ਨੂੰ ਡੰਗਰਾਂ ਦੇ ਹਸਪਤਾਲ ਲੈ ਗਿਆ।

ਉਹ ਕਿਸੇ ਦੀਆਂ ਪਾਲਤੂ ਬਿੱਲੀਆਂ ਨਹੀਂ ਸਨ।

ਉਹ ਅਵਾਰਾ ਬਿੱਲੀਆਂ ਸਨ।

ਇਸ ਲਈ ਡਾਕਟਰ ਨੇ ਮਾਂ ਬਿੱਲੀ ਨੂੰ ਇੱਕ ਨਾਓਂ ਦਿੱਤਾ.

ਉਸਨੇ ਮਾਂ ਬਿੱਲੀ ਨੂੰ "ਸਕਾਰਲੇਟ" ਕਿਹਾ -

ਕਿਉਂਕਿ ਉਹ ਅੱਗ ਤੋਂ ਬੁਰੀ ਤਰ੍ਹਾਂ   ਝੁਲਸਣ ਕਰਕੇ ਲਾਲ ਹੋਈ ਓਈ   ਸੀ.

ਜਲਦੀ ਹੀ ਬਹੁਤ ਸਾਰੇ ਲੋਕਾਂ ਨੂੰ ਇਸ ਬਾਰੇ ਪਤਾ ਲੱਗ ਗਿਆ। ਅਖਬਾਰ ਵਾਲਿਆਂ ਨੇ ਸਕਾਰਲੇਟ ਦੀ ਕਹਾਣੀ ਧਾਰਾਵਾਹ ਛਾਪੀ।

ਲੋਕੀਂ ਚਾਹੁੰਦੇ ਸਨ ਕਿ ਉਹ ਟੀ ਵੀ ਤੇ ਵੀ ਆਵੇ।

ਹੁਣ ਸਕਾਰਲੇਟ ਇੱਕ ਹੀਰੋ ਸੀ ਅਤੇ ਇੱਕ ਸਟਾਰ ਵੀ !

ਹਰ ਕੋਈ ਉਮੀਦ ਕਰਦਾ ਕਿ ਸਕਾਰਲੇਟ ਜਲਦੀ ਠੀਕ ਹੋ ਜਾਵੇਗੀ। .

ਅਤੇ ਹੌਲੀ-ਹੌਲੀ ਉਹ ਠੀਕ ਵੀ ਹੁੰਦੀ ਗਈ।

ਬਿੱਲੀ ਦੇ ਬੱਚਿਆਂ ਨੂੰ ਇੱਕ ਅਲੱਗ ਕਮਰੇ ਵਿੱਚ ਰੱਖਿਆ ਗਿਆ ਸੀ ਤਾਂ ਜੋ ਸਕਾਰਲੇਟ ਆਰਾਮ ਕਰ ਸਕੇ।

ਸਕਾਰਲੇਟ ਹੁਣ ਆਪਣੇ ਬੱਚਿਆਂ ਦੀ ਦੇਖਭਾਲ ਖੁਦ ਨਹੀਂ ਸੀ ਕਰ ਸਕਦੀ।

ਹਸਪਤਾਲ ਦੇ ਕਰਮੀਆਂ ਨੇ ਬਲੂੰਗੜਿਆਂ ਨੂੰ ਬਾਹਲਾ ਪਿਆਰ ਦਿੱਤਾ ਤੇ ਉਨ੍ਹਾਂ ਦਾ ਚੰਗੀ ਤਰ੍ਹਾਂ ਇਲਾਜ ਕੀਤਾ। ਇੱਕ ਬੱਚੇ ਨੂੰ ਛੱਡ ਕੇ, ਬਾਕੀ ਦੀ ਸਿਹਤ ਹੌਲੀ-ਹੌਲੀ ਸੁਧਰਦੀ ਰਹੀ। .

ਡਾਕਟਰਾਂ ਦੀ ਸੋਚ ਸੀ ਕਿ ਇਹ ਅੱਗ ਤੋਂ ਬਾਹਰ ਆਉਣ ਵਾਲਾ ਆਖਰੀ ਬੱਚਾ ਸੀ। ਧੂਏਂ ਨੇ ਉਸਦੇ ਫੇਫੜਿਆਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ।

ਇੱਕ ਮਹੀਨੇ ਬਾਅਦ, ਬਿੱਲੀ ਦੇ ਇਸ ਬੱਚੇ ਦੀ ਮੌਤ ਹੋ ਗਈ।

ਪਰ ਬਾਕੀ ਬਲੂੰਗੜਿਆਂ ਨੂੰ ਨਵੇਂ ਠਿਕਾਣੇ ਮਿਲ ਗਏ।

ਦੋ ਬਲੂੰਗੜਿਆਂ ਨੂੰ ਇੱਕ ਔਰਤ ਦੇ ਘਰ ਬਸੇਰਾ ਮਿਲਿਆ।

ਤੇ ਬਾਕੀ ਦੋ ਲੋਂਙ ਆਈਲੈਂਡ ਨਾਓਂ ਦੇ
ਇੱਕ ਟਾਪੂ ਤੇ ਇੱਕ ਦੰਪਤੀ ਨਾਲ
ਚਲੇ ਗਏ।

ਤਾਂ ਫਿਰ ਸਕਾਰਲੇਟ ਦਾ ਕੀ ਬਣਿਆ?

ਸਕਾਰਲੇਟ ਲਈ ਦੁਨੀਆ ਭਰ ਤੋਂ ਚਿੱਠੀਆਂ ਆਈਆਂ.

ਕੈਨੇਡਾ ਤੋਂ, ਜਾਪਾਨ ਤੋਂ , ਇੱਥੋਂ ਤੱਕ ਕਿ ਮਿਸਰ ਤੋਂ ਵੀ !

ਬਹੁਤ ਸਾਰੇ ਲੋਕ ਸਕਾਰਲੇਟ ਨੂੰ ਇੱਕ ਚੰਗਾ ਘਰ
ਅਤੇਚੰਗੀ ਜ਼ਿੰਦਗੀ ਦੇਣਾ ਚਾਹੁੰਦੇ ਸਨ।

ਹਸਪਤਾਲ ਸਟਾਫ ਦੇ ਬੰਦਿਆਂ ਨੇ 1,000 ਤੋਂ ਵੱਧ ਚਿੱਠੀਆਂ ਪੜ੍ਹੀਆਂ!

ਉਹ ਸਕਾਰਲੇਟ ਲਈ ਸਭ ਤੋਂ ਵਧੀਆ ਘਰ ਲੱਭਣ ਦਾ ਜਤਨ ਕਰ ਰਹੇ ਸਨ!

ਅਤੇ ਅਖੀਰੀ , ਉਨ੍ਹਾਂ ਨੇ ਆਪਣਾ ਮਨ ਬਣਾ ਲਿਆ!

ਟੀਵੀ ਅਤੇ ਅਖ਼ਬਾਰਾਂ ਦੇ ਰਿਪਰੋਟਰ ਇਹ ਵੱਡੀ ਖ਼ਬਰ ਸੁਣਨ ਆਏ।

ਕੈਰਨ ਵੇਲਨ ਨਾਓਂ ਦੀ ਇੱਕ ਔਰਤ ਨੂੰ ਸਕਾਰਲੇਟ ਦੀ ਦੇਖਭਾਲ ਲਈ ਚੁਣਿਆ ਗਿਆ ਸੀ।

ਕੈਰਨ ਨੇ ਆਪਣੀ ਚਿੱਠੀ ਵਿੱਚ ਆਪਣੇ ਇਕ ਹਾਦਸੇ ਬਾਰੇ ਲਿਖਿਆ - ਇੱਕ ਕਾਰ ਦਾ ਹਾਦਸਾ .

ਸਕਾਰਲੇਟ ਵਾਂਙ ਕੈਰਨ ਨੂੰ ਵੀ ਠੀਕ ਹੋਣ ਵਿੱਚ ਬਹੁਤ ਸਮਾਂ ਲੱਗਿਆ ਸੀ। ਇਸ ਲਈ ਉਹ ਸਮਝਦੀ ਸੀ ਕਿ ਸਕਾਰਲੇਟ ਕਿਹੜੇ ਔਖੇ ਸਮੇਂ ‘ਚੋਂ ਲੰਘ ਰਹੀ ਹੈ।

ਕੈਰਨ ਕੋਲ ਪਹਿਲਾਂ ਵੀ ਇੱਕ ਬਿੱਲੀ ਹੁੰਦੀ ਸੀ। ਕੈਰਨ ਉਸ ਨੂੰ ਬਹੁਤ ਪਿਆਰ ਕਰਦੀ ਸੀ।

ਪਰ ਹਾਦਸੇ ਤੋਂ ਤੁਰੰਤ ਬਾਅਦ ਕੈਰਨ
ਦੀ ਬਿੱਲੀ ਦੀ ਮੌਤ ਹੋ ਗਈ।

ਕੈਰਨ ਇਕ ਹੋਰ ਬਿੱਲੀ ਨਹੀਂ ਸੀ ਲੈਣਾ ਚਾਹੁੰਦੀ ਸੀ -
ਵਾਜੋਂ ਇਹ ਕੋਈ ਖਾਸਮ-ਖਾਸ ਬਿੱਲੀ ਹੋਵੇ ...

.... ਬਿਲਕੁਲ ਸਕਾਰਲੇਟ ਵਰਗੀ !

समाप्त

ਇੱਕ ਛੁੱਟਕੂ ਜਿਹੀ ਬਿੱਲੀ ਕਿਵੇਂ ਇੱਕ ਵੱਡੀ ਹੀਰੋ ਬਣ ਗਈ ?

ਇਹ ਕਿਤਾਬ ਤੁਹਾਨੂੰ ਸੱਚੀ ਕਹਾਣੀ ਦੱਸੇਗੀ ।

ਤੁਸੀਂ ਆਪੇ ਹੀ ਪੜ੍ਹ ਲਓ ।।